245228 Conrich RD, Conrich, AB, T1Z 0N8 Phone: 403-293-7712 Fax: 403-293-2245

# ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ॥

ਅਕਤੂਬਰ ਮਹੀਨੇ ਵਿੱਚ ਬੱਚਿਆਂ ਨੇ ਪੰਜਾਬੀ/ਗੁਰਮਤਿ ਕਲਾਸਾਂ ਵਿੱਚ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ ਬਾਰੇ ਜਾਣਕਾਰੀ ਪ੍ਰਾਪਤ ਕੀਤੀ ।ਕਿੰਡਰਗਾਰਟਿਨ ਦੇ ਬੱਚਿਆਂ ਨੇ ਗੁਰਮੁਖੀ ਅੱਖਰ ਅਤੇ ਪੰਜਾਬੀ ਗਿਣਤੀ ਲਿਖਣੀ ਸ਼ੁਰੂ ਕੀਤੀ ਅਤੇ ਗੁਰਮਤਿ ਕਲਾਸਾਂ ਵਿੱਚ ਦਸਾਂ ਗੁਰੂ ਸਾਹਿਬਾਨਾਂ ਜੀ ਦੇ ਨਾਮ ਅਤੇ ਇਤਿਹਾਸ ਨੂੰ ਕੰਠ ਕਰਵਾਉਣ ਦੀ ਕਾਰਜ ਆਰੰਭ ਹੋਇਆ।ਬਾਕੀ ਜਮਾਤਾਂ ਦੇ ਬੱਚੇ ਮਾਤਰਾ ਅਤੇ ਵਾਕਾਂ ਦਾ ਅਭਿਆਸ ਕਰ ਰਹੇ ਹਨ, ਪਾਠ–ਪੁਸਤਕਾਂ ਪੜ੍ਹਨ ਦੀ ਲੜੀ ਵੀ ਸ਼ੁਰੂ ਹੋਈ। ਪੰਜਾਬੀ ਅਤੇ ਗੁਰਮਤਿ ਟੈਸਟਾਂ ਦੀ ਸ਼ੁਰੂਆਤ ਕੀਤੀ ਗਈ ਹੈ। ੯ ਅਕਤੂਬਰ ਨੂੰ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਦਿਹਾੜਾ ਦੁਨੀਆਂ ਭਰ ਵਿੱਚ ਮਨਾਇਆ ਗਿਆ। ਜਿਸ ਬਾਰੇ ਸਕੂਲ ਦੇ ਵਿਦਿਆਰਥੀਆਂ ਨੂੰ ਸੁਨਹਿਰੀ ਇਤਿਹਾਸ ਤੋਂ ਜਾਣੂ ਕਰਵਾਇਆ ਗਿਆ ਅਤੇ ਗੁਰੂ ਜੀ ਦੇ ਮਹਾਨ ਜੀਵਨ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ।ਬੰਦੀ–ਛੋੜ ਦਿਵਸ ਦੀ ਖੁਸ਼ੀ ਵਿੱਚ ਬੱਚਿਆਂ ਨੇ ਦੀਵੇ ਵੀ ਰੰਗ ਕੀਤੇ ਅਤੇ ਵਿਸ਼ੇਸ਼ ਅਸੈਂਬਲੀ ਦਾ ਪ੍ਰਬੰਧ ਕੀਤਾ ਗਿਆ ਹੈ।ਬੱਚਿਆਂ ਵੱਲੋਂ ਪਿਆਰ ਨਾਲ ਸ਼ਬਦ ਕੀਰਤਨ ਦਾ ਗਾਇਨ ਕੀਤਾ ਗਿਆ।



Khalsa School Calgary

ਖਾਲਸਾ ਸਕੂਲ ਕੈਲਗਰੀ

245228 Conrich RD, Conrich, AB, T1Z 0N8

Phone: 403-293-7712 Fax: 403-293-2245

## ਨਵੰਬਰ ਮਹੀਨੇ ਵਿੱਚ ਆਉਣ ਵਾਲੇ ਮੁੱਖ ਤਿਉਹਾਰ ਅਤੇ ਖ਼ਾਸ ਬੇਨਤੀਆਂ

– ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਗੁਰਪੁਰਬ, ਮਾਤਾ ਸਾਹਿਬ ਕੌਰ ਜੀ ਦਾ ਜਨਮ–ਦਿਹਾੜਾ, ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਦਿਵਸ, ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਵਸ, ਬਾਬਾ ਜ਼ੋਰਾਵਰ ਸਿੰਘ ਜੀ ਦਾ ਜਨਮ ਦਿਹਾੜਾ ਆਦਿ।

–੨੧ ਨਵੰਬਰ, ਦਿਨ ਸ਼ੁੱਕਰਵਾਰ ਵਾਲੇ ਦਿਨ ਖ਼ਾਲਸਾ ਸਕੂਲ ਕੈਲਗਰੀ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਾਲਾਨਾ ਪ੍ਰਕਾਸ਼–ਪੁਰਬ ਬਹੁਤ ਧੂਮ–ਧਾਮ ਨਾਲ ਮਨਾਇਆ ਜਾਵੇਗਾ। ਸਾਲਾਨਾ ਗੁਰਪੁਰਬ ਦੇ ਬਾਰੇ ਅਗਲੀ ਜਾਣਕਾਰੀ ਪ੍ਰਿੰਸੀਪਲ ਜੀ ਵੱਲੋਂ ਸਾਂਝੀ ਕੀਤੀ ਜਾਵੇਗੀ।

–੨੧ ਨਵੰਬਰ ਗੁਰੂ ਕੇ ਲੰਗਰਾਂ ਦੀ ਸੇਵਾ (ਸਵੇਰੇ ੧੧–੩ ਵਜੇ ਤੱਕ) ਲਈ ਸਭ ਨੂੰ ਬੇਨਤੀ ਕੀਤੀ ਜਾਂਦੀ ਹੈ।



